PUNJABI

# ਆਓ ਖਟਮਲਾਂ ਦਾ ਮੁਕਾਬਲਾ ਕਰੀਏ



## ਖਟਮਲ ਪੈਦਾ ਹੋਣ ਦੀ ਰੋਕਥਾਮ ਅਤੇ ਨਯਿੰਤ੍ਰਣ ਲਈ ਮਦਦਗਾਰ ਸੁਝਾਅ

ਕਸਿੇ ਵੀ ਕਸਿਮ ਦਾ ਘਰ, ਭਾਵੇਂ ਆਲੀਸ਼ਾਨ ਜਾਂ ਸਾਦਾ, ਸਾਫ਼-ਸੁਥਰਾ ਜਾਂ ਗੰਦਾ, ਖਟਮਲਾਂ ਲਈ ਸਵਰਗ ਹੋ ਸਕਦਾ ਹੈ। ਜੇਕਰ ਇਹ ਖਟਮਲ ਤੁਹਾਡੇ ਘਰ 'ਚ ਆ ਜਾਂਦੇ ਹਨ ਤਾਂ ਇਸ 'ਚ ਸ਼ਰਮਦਿਾ ਹੋਣ ਦੀ ਲੋੜ ਨਹੀਂ ਹੈ। ਉਨ੍ਹਾਂ ਨੂੰ ਖ਼ਤਮ ਕਰਨ ਲਈ ਤੇਜ਼ੀ ਨਾਲ ਕਦਮ ਚੁੱਕਣਾ ਜ਼ਰੂਰੀ ਹੁੰਦਾ ਹੈ।

ਖਟਮਲ ਕੀ ਹੁੰਦਾ ਹੈ?

- ਵੱਡੇ ਖਟਮਲ ਸੇਬ ਦੇ ਬੀਜ ਦੇ ਆਕਾਰ ਅਤੇ ਰੰਗ ਦੇ ਕੀੜੇ ਹੁੰਦੇ ਹਨ।
- ਉਹ ਇਨਸਾਨਾਂ ਦਾ ਖ਼ੂਨ ਪੀਣ ਲਈ, ਉਨ੍ਹਾਂ ਨੂੰ ਰਾਤ ਨੂੰ ਕੱਟਦੇ ਹਨ।
- ਖਟਮਲਾਂ ਦਾ ਕੱਟਣਾ ਮੱਛਰਾਂ ਦੇ ਕੱਟਣ ਵਾਂਗ ਦਖਿਾਈ ਦੇਂਦਾ ਹੈ।
- ਉਹ ਰੌਸ਼ਨੀ ਤੋਂ ਬਚਦੇ ਹਨ ਅਤੇ ਆਮ ਤੌਰ 'ਤੇ ਸੌਣ ਵਾਲੇ ਕਮਰਿਆਂ 'ਚ ਮੰਜੇ ਦੇ ਨੇੜੇ ਅਤੇ ਗੱਦਿਆਂ ਦੇ ਜੋੜਾਂ 'ਚ ਲੁੱਕਦੇ ਹਨ।
- ਖਟਮਲ ਉੱਡਦੇ ਜਾਂ ਲੋਕਾਂ ਉੱਪਰ ਉੱਛਲਦੇ ਨਹੀਂ ਹਨ। ਉਹ ਤੁਰਦੇ ਹੋਏ ਆਲੇ-ਦੁਆਲੇ ਘੁੰਮਦੇ ਹਨ।

ਖਟਮਲਾਂ ਨਾਲ ਜੁੜੇ ਸਹਿਤ-ਸਬੰਧੀ ਜੋਖਮ ਕੀ ਹਨ?

- ਖਟਮਲ ਬਮਿਾਰੀ ਨਹੀਂ ਫੈਲਾਉਂਦੇ।
- ਉਨ੍ਹਾਂ ਦੇ ਕੱਟਣ ਕਰਕੇ ਖਾਰਸ਼ ਹੋ ਸਕਦੀ ਹੈ।
- ਕੱਟਣ ਤੇ ਖਾਰਸ਼ ਕਰਨ ਤੋਂ ਚਮੜੀ ਦੀ ਲਾਗ ਹੋ ਸਕਦੀ ਹੈ।
- ਖਟਮਲ ਕਈ ਮੁਸ਼ਕਲਾਂ ਪੈਦਾ ਕਰ ਸਕਦੇ ਹਨ, ਜਵਿੇਂ ਨੀਂਦ 'ਚ ਖਲਲ, ਬੇਚੈਨੀ ਅਤੇ ਸਮਾਜਕ ਇਕਲਵੰਜਾ।

ਉਨ੍ਹਾਂ ਦਾ ਪਤਾ ਕਵਿੇਂ ਲਗਾਈਏ?

ਜੇਕਰ ਤੁਹਾਨੂੰ ਖਟਮਲ ਨਹੀਂ ਦਸਿਦੇ, ਤਾਂ ਹੇਠਾਂ ਦਤਿੇ ਗਏ ਸੁਰਾਗ ਵੇਖੋ:

- ਮੱਛਰਾਂ ਦੇ ਕੱਟਣ ਵਾਂਗ ਕੀੜਆਿਂ ਦਾ ਕੱਟਣਾ
- ਚਮੜੀ 'ਤੇ ਖਾਰਸ਼
- ਗੱਦਆਿਂ ਦੇ ਜੋੜਾਂ 'ਤੇ ਕਾਲੇ ਧੱਬੇ
- ਚਾਦਰਾਂ ਅਤੇ ਗੱਦਆਿਂ ਦੇ ਜੋੜਾਂ 'ਤੇ ਖ਼ੂਨ ਦੇ ਛੋਟੇ ਦਾਗ਼





Montréal
Agence de la santé
et des services sociaux
de Montréal
Québec

ਉਹ ਕਵਿੇਂ ਫੈਲਦੇ ਹਨ?

- ਕਸਿੇ ਇਮਾਰਤ 'ਚ ਅਪਾਰਟਮੈਂਟਸ ਦੇ ਦਰਮਆਿਨ ਆਵਾਜਾਈ ਰਾਹੀਂ
- ਵੱਖੋ-ਵੱਖ ਚੀਜ਼ਾਂ 'ਚ ਲਜਿਾਏ ਜਾਣ ਰਾਹੀਂ:
  - ਸੂਟਕੇਸ, ਹੈਂਡਬੈਗਸ, ਕੱਪੜੇ, ਆਦਿ
  - ਫ਼ਰਨੀਚਰ, ਖ਼ਾਸ ਤੌਰ 'ਤੇ ਗੱਦੇ ਅਤੇ ਕੱਪੜਾ ਚੜ੍ਹਆਿ ਹੋਇਆ ਫ਼ਰਨੀਚਰ, ਜਵਿੇਂ ਆਰਮਚੇਅਰ ਅਤੇ ਸੋਫ਼ੇ

ਖਟਮਲ ਪੈਦਾ ਹੋਣ ਦੀ ਰੋਕਥਾਮ ਕਵਿੇਂ ਕਰੀਏ?

ਕਦੇ ਵੀ ਘਰ 'ਚ ਬਾਹਰੋਂ ਲੱਭੇ ਗੱਦੇ ਜਾਂ ਫ਼ਰਨੀਚਰ, ਜਵਿੇਂ ਸੋਫ਼ੇ, ਆਰਮਚੇਅਰਸ, ਸੋਫ਼ਾ ਬੇਡਸ ਜਾਂ ਫ਼ਯੂਟੋਨਸ, ਨਾਂ ਲਆਿਓ, ਭਾਵੇਂ ਉਹ ਚੰਗੀ ਹਾਲਤ 'ਚ ਲੱਗਦੇ ਹੋਣ, ਕਉਿਂਕ ਿਉਨ੍ਹਾਂ 'ਚ ਖਟਮਲ ਮੌਜੂਦ ਹੋ ਸਕਦੇ ਹਨ।

ਜੇਕਰ ਤੁਸੀ ਘਰ 'ਚ ਪੁਰਾਣੇ ਕੱਪੜੇ ਲਆਿਉਂਦੇ ਹੋ ਤਾਂ:

- ਉਨ੍ਹਾਂ ਨੂੰ ਪਲਾਸਟਕਿ ਦੇ ਥੈਲੇ 'ਚ ਰੱਖੋ ਅਤੇ ਥੈਲੇ ਨੂੰ ਆਪਣੇ ਘਰ 'ਚ ਲਆਿਉਣ ਤੋਂ ਪਹਲਿਾਂ ਕੱਸ ਕੇ ਬੰਦ ਕਰ ਦਓਿ।
- ਥੈਲੇ ਦੇ ਸਮਾਨ ਨੂੰ ਸਧਿਾ ਡ੍ਰਾਇਅਰ 'ਚ ਖਾਲੀ ਕਰੋ ਅਤੇ ਖਟਮਲਾਂ ਅਤੇ ਉਨ੍ਹਾਂ ਦੇ ਅੰਡਆਿਂ ਨੂੰ ਖ਼ਤਮ ਕਰਨ ਲਈ ਘੱਟੋ-ਘੱਟ 30 ਮਟਿਾਂ ਲਈ ਡ੍ਰਾਇਅਰ ਨੂੰ ਸਭ ਤੋਂ ਉਪਰਲੀ ਸੈਟਗਿ 'ਤੇ ਚਲਾਓ।
- ਖਾਲੀ ਥੈਲੇ ਨੂੰ ਬਾਹਰ ਕੂੜੇ 'ਚ ਸੁੱਟ ਦਓਿ।

ਜੇਕਰ ਤੁਸੀਂ ਪੁਰਾਣਾ ਫ਼ਰਨੀਚਰ ਖਰੀਦਦੇ ਹੋ ਤਾਂ:

- ਉਸਨੂੰ ਆਪਣੇ ਘਰ ਲਆਿਉਣ ਤੋਂ ਪਹਲਿਾਂ ਸਾਵਧਾਨੀ ਨਾਲ ਉਸਦੀ ਜਾਂਚ ਕਰੋ ਅਤੇ ਉਸਨੂੰ ਸਾਫ਼ ਕਰੋ।
- ਪੁਰਾਣੇ ਗੱਦਆਿਂ ਜਾਂ ਕੱਪੜਾ ਚੜ੍ਹੇ ਹੋਏ ਫ਼ਰਨੀਚਰ ਤੋਂ ਬਚੋ।

ਦੂਸ਼ਤਿ ਗੱਦਆਿਂ ਜਾਂ ਫ਼ਰਨੀਚਰ ਤੋਂ ਛੁਟਕਾਰਾ ਕਵਿੇਂ ਪਾਈਏ

ਜੇਕਰ ਖਾਤਮਾ ਕਰਨ ਵਾਲਾ ਤੁਹਾਨੂੰ ਉਨ੍ਹਾਂ ਨੂੰ ਨਾਂ ਵਰਤਣ ਯੋਗ ਬਣਾਉਣ ਲਈ ਕਹਿੰਦਾ ਹੈ, ਤਾਂ ਕੱਪੜੇ ਨੂੰ ਪਾੜ ਦਓਿ ਜਾਂ ਉਸਨੂੰ ਨਸ਼ਟ ਕਰ ਦਓਿ। ਗੱਦਆਿਂ ਨੂੰ ਆਪਣੇ ਘਰ ਤੋਂ ਬਾਹਰ ਲਜਿਾਣ ਤੋਂ ਪਹਲਿਾਂ ਉਨ੍ਹਾਂ ਨੂੰ ਪਲਾਸਟਕਿ ਦੇ ਵੱਡੇ ਥੈਲਆਿਂ 'ਚ ਬੰਦ ਕਰੋ (Accès Montreal ਦੇ ਦਫ਼ਤਰਾਂ 'ਚ ਵੱਡੇ ਥੈਲੇ ਮੁਫ਼ਤ ਉਪਲੱਬਧ ਹਨ)।

ਖਾਤਮਾ ਕਰਨਾ

ਘਰ 'ਚ ਖਟਮਲ ਮਲਿਣ 'ਤੇ ਕਰਿਾਏਦਾਰ ਫ਼ੌਰਨ ਆਪਣੇ ਮਕਾਨ ਮਾਲਕ ਨੂੰ ਸੂਚਤਿ ਕਰਨ ਲਈ ਜ਼ਮਿੇਵਾਰ ਹਨ। ਘਰ ਨੂੰ ਖਟਮਲਾਂ ਦਾ ਖਾਤਮਾ ਕਰਨ ਵਾਲੇ ਲਈ ਤਆਿਰ ਕਰਨਾ

ਖਟਮਲਾਂ ਦਾ ਖਾਤਮਾ ਕਰਨ ਦੀ ਕਾਮਯਾਬੀ ਯਕੀਨੀ ਬਣਾਉਣ ਲਈ, ਕਰਿਾਏਦਾਰਾਂ ਨੂੰ ਆਪਣੇ ਮਕਾਨ ਮਾਲਕ ਨਾਲ ਸਹਯਿੋਗ ਕਰਨਾ ਚਾਹੀਦਾ ਹੈ ਅਤੇ ਖਾਤਮਾ ਕਰਨ ਵਾਲੇ ਦੀਆਂ ਹਦਿਾਇਤਾਂ ਦੀ ਸਾਵਧਾਨੀ ਨਾਲ ਪਾਲਣਾ ਕਰਨੀ ਚਾਹੀਦੀ ਹੈ, ਜਵਿੇਂ ਕ:ਿ

- ਅਲਮਾਰੀਆਂ ਅਤੇ ਦਰਾਜ਼ਾਂ ਖਾਲੀ ਕਰੋ। ਸਾਰੇ ਕੱਪੜਆਿਂ, ਬਸਿਤਰਆਿਂ (ਚਾਦਰਾਂ, ਗੱਦਆਿਂ ਦੇ ਕਵਰ, ਕੰਬਲ, ਬੈਡਸਪ੍ਰੈਡਸ) ਅਤੇ ਪਰਦਆਿਂ ਨੂੰ ਡ੍ਰਾਇਅਰ 'ਚ ਪਾਓ ਅਤੇ ਖਟਮਲਾਂ ਅਤੇ ਉਨ੍ਹਾਂ ਦੇ ਅੰਡਆਿਂ ਨੂੰ ਖ਼ਤਮ ਕਰਨ ਲਈ ਘੱਟੋ-ਘੱਟ 30 ਮਟਿਾਂ ਲਈ ਡ੍ਰਾਇਅਰ ਨੂੰ ਸਭ ਤੋਂ ਉਪਰਲੀ ਸੈਟਗਿ 'ਤੇ ਚਲਾਓ।
- ਖਾਤਮਾ ਕਰਨਾ ਪੂਰਾ ਹੋਣ ਤੱਕ ਸਾਰੇ ਕੱਪੜਆਿਂ, ਬਸਿਤਰਆਿਂ ਅਤੇ ਪਰਦਆਿਂ ਨੂੰ ਕੱਸ ਕੇ ਬੰਦ ਕੀਤੇ ਗਏ ਪਲਾਸਟਕਿ ਦੇ ਥੈਲੇਆਂ 'ਚ ਰੱਖੋ।
- ਖਾਤਮਾ ਕਰਨ ਵਾਲੇ ਦੇ ਕੰਮ ਨੂੰ ਸੌਖਾ ਬਣਾਉਣ ਲਈ ਖਲਿਾਰਾ ਹਟਾਓ।
- ਫ਼ਰਨੀਚਰ ਦੇ ਥੱਲੇ, ਅਲਮਾਰੀਆਂ ਦੇ ਅੰਦਰ, ਬੇਸ-ਬੋਰਡ, ਆਦਿ ਸਮੇਤ, ਘਰ 'ਚ ਹਰ ਪਾਸੇ ਵੈਕਯੂਮ ਕਰੋ। ਵੈਕਯੂਮ ਦੀ ਸਮੱਗਰੀ ਨੂੰ ਪਲਾਸਟਕਿ ਦੇ ਥੈਲੇ 'ਚ ਖਾਲੀ ਕਰੋ, ਥੈਲੇ ਨੂੰ ਕੱਸ ਕੇ ਬੰਦ ਕਰ ਕੇ ਉਸਨੂੰ ਬਾਹਰ ਕੂੜੇ 'ਚ ਸੁੱਟ ਦਓਿ।
- ਗੱਦਆਿਂ ਅਤੇ ਕੱਪੜਾ ਚੜ੍ਹੇ ਹੋਏ ਫ਼ਰਨੀਚਰ ਨੂੰ ਕੱਢਣ ਤੋਂ ਪਹਲਿਾਂ ਖਾਤਮਾ ਕਰਨ ਵਾਲੇ ਨੂੰ ਪੁੱਛੋ। ਜੇਕਰ ਉਹ ਚੰਗੀ ਹਾਲਤ 'ਚ ਹੋਣ, ਤਾਂ ਉਨ੍ਹਾਂ ਨੂੰ ਸਾਫ਼ ਕੀਤਾ ਜਾ ਸਕਦਾ ਹੈ।
- ਖਾਤਮਾ ਕਰਨਾ ਪੂਰਾ ਹੋਣ ਤੱਕ ਘਰ 'ਚ ਨਵਾਂ ਫ਼ਰਨੀਚਰ ਨਾਂ ਲਆਿਓ।

ਕਾਮਯਾਬੀ ਨਾਲ ਖਟਮਲਾਂ ਦਾ ਖਾਤਮਾ ਯਕੀਨੀ ਬਣਾਉਣ ਲਈ, ਕਰਿਾਏਦਾਰ, ਮਾਲਕ ਮਕਾਨ ਅਤੇ ਖਟਮਲਾਂ ਦਾ ਖਾਤਮਾ ਕਰਨ ਵਾਲੇ ਦੇ ਦਰਮਆਿਨ ਸਹਯਿੋਗ ਜ਼ਰੂਰੀ ਹੈ।

ਕਰਿਾਏਦਾਰ ਦੀ ਜ਼ਮਿੇਵਾਰੀ

ਕਰਿਾਏਦਾਰ ਨੂੰ ਇਹ ਕਰਨਾ ਚਾਹੀਦਾ ਹੈ:

- ਖਟਮਲ ਵੇਖਦੇ ਹੀ ਫ਼ੌਰਨ ਮਾਲਕ ਮਕਾਨ ਜਾਂ ਇਮਾਰਤ ਦੇ ਪ੍ਰਬੰਧਕ ਨੂੰ ਕਾਲ ਕਰਨੀ।
- ਜੇਕਰ ਮਾਲਕ ਮਕਾਨ ਕੋਈ ਕਦਮ ਨਹੀਂ ਚੁੱਕਦਾ, ਤਾਂ 311 'ਤੇ ਕਾਲ ਕਰ ਕੇ ਬੌਰੋ ਦੀ Division des permis et des inspections ਦੇ ਪ੍ਰਤਨਿਧਿੀ ਨਾਲ ਸੰਪਰਕ ਕਰਨਾ।
- ਖਟਮਲਾਂ ਦਾ ਖਾਤਮਾ ਕਰਨ ਵਾਲੇ ਨੂੰ ਘਰ ਦੇ ਸਾਰੇ ਕਮਰਆਿਂ 'ਚ ਜਾਣ ਦੇਣਾ।
- ਘਰ ਨੂੰ ਸਾਫ਼-ਸੁਥਰਾ ਅਤੇ ਖਲਿਾਰ-ਮੁਕਤ ਰੱਖਣਾ।
- ਖਟਮਲਾਂ ਦਾ ਖਾਤਮਾ ਕਰਨ ਵਾਲੇ ਦੀਆਂ ਸਫ਼ਿਾਰਸ਼ਾਂ ਨੂੰ ਮੰਨਣਾ।

ਸਾਵਧਾਨੀ: ਇਸ ਸਮੱਸਿਆ ਨੂੰ ਆਪ ਹੱਲ ਕਰਨ ਦੀ ਕੋਸ਼ਸ਼ਿ ਨਾਂ ਕਰੋ। ਕਾਉਂਟਰ ਤੇ ਵੇਚੇ ਜਾਣ ਵਾਲੇ ਕੀਟਨਾਸ਼ਕਾਂ ਅਤੇ ਹੋਰ ਉਤਪਾਦਾਂ ਦੀ ਵਰਤੋਂ ਨਾਂ ਕਰੋ: ਉਹ ਤੁਹਾਡੀ ਸਹਿਤ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਖਟਮਲਾਂ ਨੂੰ ਖ਼ਤਮ ਕਰਨਾ ਹੋਰ ਔਖਾ ਬਣਾ ਸਕਦੇ ਹਨ।

ਮਾਲਕ ਮਕਾਨ ਦੀ ਜ਼ਮਿੇਵਾਰੀ

ਖਟਮਲਾਂ ਬਾਰੇ ਦੱਸੇ ਜਾਣ ‘ਤੇ, ਮਾਲਕ ਮਕਾਨ ਨੂੰ:

- ਸਮੱਸਿਆ ਨੂੰ ਠੀਕ ਕਰਨ ਲਈ ਕਦਮ ਚੁੱਕਣਾ ਚਾਹੀਦਾ ਹੈ।
- ਇਮਾਰਤ ‘ਚ ਸਭ ਖਟਮਲਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਖਟਮਲਾਂ ਦਾ ਖਾਤਮਾ ਕਰਨ ਵਾਲੇ ਨੂੰ ਹਾਇਅਰ ਕਰਨਾ ਚਾਹੀਦਾ ਹੈ।
- ਖਾਤਮਾ ਕਰਨ ਵਾਲੇ ਨੂੰ ਸਾਰੀਆਂ ਸਾਂਝੀਆਂ ਥਾਂਵਾਂ, ਜਸਿ ਅਪਾਰਟਮੈਂਟ ‘ਚ ਖਟਮਲ ਪਾਏ ਗਏ ਸਨ ਉਸ ਅਪਾਰਟਮੈਂਟ ਦੇ ਨੇੜਲੇ ਸਭ ਅਪਾਰਟਮੈਂਟਸ ਅਤੇ, ਜੇਕਰ ਖਾਤਮਾ ਕਰਨ ਵਾਲੇ ਨੂੰ ਇਹ ਜਰੂਰੀ ਲੱਗਦਾ ਹੈ ਤਾਂ ਸਮੱਸਿਆ ਨੂੰ ਪੂਰੀ ਇਮਾਰਤ ਵਚਿੋਂ ਖਤਮ ਕਰਨ ਦੇ ਕ੍ਰਮ ਵਚਿ ਕਸਿੇ ਹੋਰ ਅਪਾਰਟਮੈਂਟ ਵਚਿ ਜਾਣ ਦੇਣਾ ਚਾਹੀਦਾ ਹੈ।

ਖਾਤਮਾ ਕਰਨ ਵਾਲੇ ਦੀ ਜ਼ਮਿੇਵਾਰੀ

ਖਾਤਮਾ ਕਰਨ ਵਾਲੇ ਨੂੰ:

- ਅਪਾਰਟਮੈਂਟ ਦੇ ਹਰ ਕਮਰੇ ‘ਚ ਅਤੇ ਸਭ ਨੇੜਲੇ ਅਪਾਰਟਮੈਂਟਸ ‘ਚ, ਅਤੇ ਜੇਕਰ ਉਸਨੂੰ ਲੱਗਦਾ ਹੈ ਕਿ ਇਹ ਜ਼ਰੂਰੀ ਹੈ, ਤਾਂ ਕਸਿੇ ਹੋਰ ਅਪਾਰਟਮੈਂਟ ‘ਚ ਖਟਮਲ ਲੱਭਣ ਦੀ ਹਰ ਸੰਭਵ ਕੋਸ਼ਸ਼ਿ ਕਰਨੀ ਚਾਹੀਦੀ ਹੈ।
- ਵਾਧੇ ਦੇ ਹਰ ਚਰਣ ‘ਤੇ ਖਟਮਲਾਂ ਨੂੰ ਖ਼ਤਮ ਕਰਨਾ ਯਕੀਨੀ ਬਣਾਉਣਾ ਚਾਹੀਦਾ ਹੈ। ਇਸ ਲਈ ਪਹਲਿੇ ਟ੍ਰੀਟਮੈਂਟ ਤੋਂ ਬਾਅਦ ਘੱਟੋ-ਘੱਟ ਇਕ ਵਾਰ ਇਹ ਜਾਂਚਣ ਲਈ ਖਾਤਮਾ ਕਰਨ ਵਾਲੇ ਦੇ ਮੁੜ-ਆਉਣ ਦੀ ਲੋੜ ਹੋਵੇਗੀ ਕਿ ਸਭ ਖਟਮਲ ਖ਼ਤਮ ਹੋ ਗਏ ਹਨ।
- ਬੇਵਜ੍ਹਾ ਕੀਟਨਾਸ਼ਕਾਂ ਦੀ ਵਰਤੋਂ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ। ਆਮ ਤੌਰ ‘ਤੇ ਗੱਦਿਆਂ ਅਤੇ ਕੱਪੜਾ ਚੜ੍ਹੇ ਹੋਏ ਫ਼ਰਨੀਚਰ ਨੂੰ ਗਰਮ ਭਾਫ਼ ਨਾਲ ਠੀਕ ਕੀਤਾ ਜਾ ਸਕਦਾ ਹੈ।
- Ministère du Développement durable, de l’Environnement et de la Lutte contre les changements climatiques ਦਾ ਪਰਮਟਿ ਰੱਖਣਾ ਚਾਹੀਦਾ ਹੈ ਅਤੇ ਪ੍ਰਮਾਣਤਿ ਮਸਿਤਰੀਆਂ ਦੀ ਸੇਵਾ ਲੈਣੀ ਚਾਹੀਦੀ ਹੈ।

ਵਧੇਰੇ ਜਾਣਕਾਰੀ ਲਈ:

lespunaisesdelit.info
avoidbedbugs.info

ਜਾਂ 311 ‘ਤੇ ਕਾਲ ਕਰੋ

Ville de Montréal (ville.montreal.qc.ca), Agence de la santé et des services sociaux de Montréal ‘ਤੇ Direction de santé publique (santemontreal.qc.ca) ਅਤੇ Office municipal d’habitation de Montréal (omhm.qc.ca) ਦੁਆਰਾ ਤਿਆਰ ਕੀਤਾ ਗਿਆ.